بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد
لَاۤ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਖ਼ਲੀਫ਼ਾ ਰਾਸ਼ਿਦ ਸੱਯਦਨਾ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਸੱਦਗੁਣਾਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ-ਅਜ਼ੀਜ਼, 18 ਨਵੰਬਰ 2022 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بَعْدُ فَأَعُوْذُ بِاللهِ مِنَ الشَّيْطٰنِ الرَّجِيْمِ. بِسْمِ اللهِ الرَّحْمٰنِ الرَّحِيْمِ. اَلْحَمْدُ لِلّٰهِ رَبِّ الْعٰلَمِيْنَ. اَلرَّحْمٰنِ الرَّحِيْمِ. مٰلِكِ يَوْمِ الدِّيْنِ. إِيَّاكَ نَعْبُدُ وَ إِيَّاكَ نَسْتَعِيْنُ. اِهْدِنَا الصِّرَاطَ الْمُسْتَقِيْمَ. صِرَاطَ الَّذِيْنَ أَنْعَمْتَ عَلَيْهِمْ. غَيْرِ الْمَغْضُوْبِ عَلَيْهِمْ وَلَا الضَّآلِّيْنَ.

ਤਸ਼ਹੁਦ, ਤਾਊਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ:

ਹਜ਼ਰਤ ਅਬੂ-ਬਕਰ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਚੱਲ ਰਿਹਾ ਸੀ। ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੀ ਨਜ਼ਰ'ਚ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦਾ ਜੋ ਸਥਾਨ ਸੀ। ਉਸ ਬਾਰੇ'ਚ ਮੈਂ ਪਹਿਲਾਂ ਵੀ ਬਿਆਨ ਕਰ ਚੁੱਕਿਆਂ ਹਾਂ। ਜਿਸ ਤੋਂ ਪਤਾ ਲੱਗਦਾ ਹੈ ਕਿ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਆਪ ਰਜ਼ੀ ਅੱਲਾਹ ਅੰਨਹੋ ਨੂੰ ਆਪਣਾ ਉੱਤਰ ਅਧਿਕਾਰੀ ਬਣਾਉਣਾ ਚਾਹੁੰਦੇ ਸਨ। ਸਗੋਂ ਇਹ ਸੰਕੇਤ ਦਿੱਤਾ ਕਿ ਰੱਬ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੂੰ ਹੀ ਆਪ ਸੱਲਲਾਹੋ ਅਲੈਹਿ ਵਸਲੱਮ ਮਗਰੋਂ ਖ਼ਲੀਫ਼ਾਂ ਅਤੇ ਉੱਤਰ ਅਧਿਕਾਰੀ ਬਣਾਏਗਾ।

ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਬਿਆਨ ਕਰਦੀ ਹਨ ਕਿ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੇ ਆਪਣੀ ਬਿਮਾਰੀ'ਚ ਫ਼ਰਮਾਇਆ ਕਿ ਆਪਣੇ ਪਿਤਾ ਅਬੂ ਬਕਰ ਨੂੰ ਮੇਰੇ ਕੋਲ੍ਹ ਸੱਦੋ ਤਾਂ ਕਿ ਮੈਂ ਇਕੱ ਲਿਖੱਤ ਲਿਖੱ ਦਿਆਂ ਕਿਉਂਕਿ ਮੈਨੂੰ ਡਰ ਹੈ ਕਿ ਕੋਈ ਹੋਰ ਇਹ ਨ ਕਹੇ ਕਿ ਮੈਂ ਵੱਧ ਹੱਕਦਾਰ ਹਾਂ ਪਰ ਰੱਬ ਅਤੇ ਮੋਮਿਨ ਅਬੂ ਬਕਰ ਤੋਂ ਬਿਨ੍ਹਾਂ ਹੋਰਾਂ ਦਾ ਇੰਨਕਾਰ ਕਰਣਗੇ।

ਹਜ਼ੂਰ ਨੇ ਇਫ਼ਕ ਦੇ ਕਿੱਸੇ ਬਾਰੇ ਫ਼ਰਮਇਆ ਕਿ ਇਸ ਕਿੱਸੇ'ਚ ਇੱਕ ਸੰਖੇਪ ਕਿੱਸਾ ਇਹ ਹੈ ਕਿ ਜਿਸ ਤੋਂ ਸਾਫ਼ ਸਪਸ਼ੱਟ ਹੁੰਦਾ ਹੈ ਕਿ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ'ਤੇ ਅਜੀਹਾ ਦੋਸ਼ ਲਾਇਆ ਗਿਆ ਕਿ ਜਿਵੇਂ ਪਹਾੜ੍ਹ ਟੁੱਟ ਪਿਆ। ਪਰ ਉਨ੍ਹਾਂ ਦੇ ਮਾਤਾ ਪਿਤਾ ਦਾ ਰਸੂਲੁੱਲਾਹ ਸੱਲਲਾਹੋ ਅੱਲੈਹਿ ਵਸਲੱਮ ਨਾਲ ਇਸ਼ਕ ਅਤੇ ਉਨ੍ਹਾਂ ਦਾ ਆਦਰ ਸਤਿਕਾਰ ਬੇਟੀ ਦੇ ਪ੍ਰੇਮ ਨਾਲੋਂ ਕਿੱਥੇ ਵੱਧਿਆ ਹੋਇਆ ਸੀ ਆਪਣੀ ਬੇਟੀ ਨੂੰ ਉਸੇ ਹਾਲ'ਚ ਰਹਿਣ ਦਿੱਤਾ ਜਿਸ ਹਾਲ'ਚ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੇ ਠੀਕ ਸਮਝਿਆ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਇਸ ਬਾਰੇ ਬਿਆਨ ਕੀਤਾ ਹੈ ਕਿ ਸਾਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਉਹ ਕੌਣ ਲੋਕ ਸਨ। ਜਿਨ੍ਹਾਂ ਨੂੰ ਬਦਨਾਮ ਕਰਨਾ ਮੁਨਾਫ਼ਿਕਾਂ ਅਤੇ ਉਨ੍ਹਾਂ ਦੇ ਸਰਦਾਰਾਂ ਲਈ ਲਾਭਕਾਰੀ ਹੋ ਸਕਦਾ ਸੀ। ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ'ਤੇ ਦੋਸ਼ ਲਾ ਕੇ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਅਤੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨਾਲ ਦੁਸ਼ਮਨੀ ਕੱਢੀ ਜਾ ਸਕਦੀ ਸੀ। ਕਿਉਂਕਿ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਇੱਕ ਦੀ ਪਤਨੀ ਅਤੇ ਇੱਕ ਦੀ ਬੇਟੀ ਸਨ। ਇਹ ਦੋ ਹਸਤੀਆਂ ਅਜੀਹੀਆਂ ਸਨ ਕਿ ਉਨ੍ਹਾ ਦੀ ਬਦਨਾਮੀ ਸਿਆਸੀ ਅਤੇ ਵਿਵਹਾਰਿਕ ਤੌਰ'ਤੇ ਕੁੱਝ ਲੋਕਾਂ ਲਈ ਲਾਭਕਾਰੀ ਹੋ ਸਕਦੀ ਸੀ। ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਦੀ ਬਦਨਾਮੀ ਨਾਲ ਕਿਸੇ ਨੂੰ ਕੀ ਲਾਭ ਪਹੁੰਚ ਸਕਦਾ ਸੀ। ਇਹ ਖ਼ਿਆਲ ਹੋ ਸਕਦਾ ਸੀ ਕਿ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹੋ ਦੀ ਸੌਕਨਾਂ ਨੇ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹੋ ਨੂੰ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੀ ਨਜ਼ਰ'ਚ ਡਿੱਗਾਉਣ ਲਈ ਅਤੇ ਆਪਣੀ ਥਾਂ ਬਣਾਉਣ ਲਈ ਕੋਈ ਹਿੱਸਾ ਲਿਆ ਹੋਵੇ। ਪਰ ਤਾਰੀਖ਼ ਗਵਾਹ ਹੈ ਕਿ ਉਨ੍ਹਾਂ ਨੇ ਅਜੀਹਾ ਕੁੱਝ ਨਹੀਂ ਕੀਤਾ ਸੀ। ਇੱਕ ਪਤਨੀ ਦੇ ਬਾਰੇ ਆਉਂਦਾ ਹੈ ਕਿ ਜਦੋਂ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੇ ਉਸ ਨੂੰ ਇਸ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਮੈਂ ਤਾਂ ਭਲਾਈ ਤੋਂ ਬਿਨ੍ਹਾਂ ਆਇਸ਼ਾ ਰਜ਼ੀ ਅੱਲਾਹ ਅੰਨਹਾ'ਚ ਕੋਈ ਚੀਜ਼ ਨਹੀਂ ਵੇਖਦੀ

ਹਦੀਸ'ਚ ਸਪਸ਼ੱਟ ਆਉਂਦਾ ਹੈ ਕਿ ਸਹਾਬਾ ਰਜ਼ੀ ਅੱਲਾਹ ਅੰਨਹੁਮ ਗੱਲ੍ਹਾਂ ਕਰਦੇ ਸਨ ਕਿ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੇ ਬਾਦ ਜੇਕਰ ਕਿਸੇ ਦਾ ਕੋਈ ਸਥਾਨ ਹੈ ਤਾਂ ਉਹ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦਾ ਹੀ ਹੈ। ਅੱਬਦੁੱਲਾਹ ਬਿਨ ਉਬੱਯੀ ਬਿਨ ਸੁਲੂਲ ਨੇ ਜਦੋਂ ਵੇਖਿਆ ਕਿ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੇ ਬਾਦ ਉਸ ਦੀ ਸਰਦਾਰੀ ਜਾਵੇਗੀ ਤਾਂ ਉਹ ਕੁੱਝ ਹੋਰ ਤਾਂ ਕਰ ਨਹੀਂ ਸਕਦਾ ਸੀ। ਇਸੇ ਲਈ ਉਸ ਦੀ ਇੱਛਾ ਸੀ ਕਿ ਮੁਹੰਮਦ ਸੱਲਲਾਹੋ ਅਲੈਹਿ ਵਸਲੱਮ ਮਰਨ ਤੇ ਮੈਂ ਮਦੀਨਾ ਦਾ ਸਰਦਾਰ ਬਣਾ। ਇਸੇ ਲਈ ਉਸ ਨੇ ਆਪਣਾ ਮੱਤਲਬ ਪੂਰਾ ਕਰਨ ਲਈ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ'ਤੇ ਦੋਸ਼ ਲਾ'ਤਾ ਤਾਂ ਕਿ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੂੰ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹੋ ਤੋਂ ਨਫ਼ਰਤ ਪੈਦਾ ਹੋ ਅਤੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਅਤੇ ਮੁਸਲਮਾਨਾਂ ਦੀ ਨਜ਼ਰ'ਚ ਜੋ ਥਾਂ ਹੈ। ਉਹ ਘੱਟ ਜਾਵੇ ਅਤੇ ਉਨ੍ਹਾਂ ਦੀ ਅੱਗੋਂ ਖ਼ਲੀਫ਼ਾ ਬਣਨ ਦੀ ਉਮੀਦ ਖ਼ਤਮ ਹੋ ਜਾਵੇ। ਸੋ ਇਸੇ ਗੱਲ੍ਹ ਦਾ ਰੱਬ ਨੇ ਕੁਰਆਨ ਸ਼ਰੀਫ਼'ਚ ਜ਼ਿਕਰ ਕੀਤਾ ਹੈ ਕਿ اِنَّ الَّذِیۡنَ جَآءُوۡ بِالۡاِفۡکِ عُصۡبَۃٌ مِّنۡکُمۡ ؕ لَاتَحۡسَبُوۡہُ شَرًّا لَّکُمۡ ؕ بَلۡ ہُوَ خَیۡرٌ لَّکُمۡ ۔ ਉਹ ਲੋਕ ਜਿਨ੍ਹਾਂ ਨੇ ਝੂੱਠ ਘੜ੍ਹਿਆ। ਤੁਹਾਡੇ'ਚੋਂ ਹੀ ਇੱਕ ਗਰੁੱਪ ਹੈ। ਇਸ (ਮਾਮਲੇ) ਨੂੰ ਆਪਣੇ ਹੱਕ'ਚ ਬੂਰਾ ਨ ਸਮਝੋ ਸਗੋਂ ਉਹ ਤੁਹਾਡੇ ਲਈ ਚੰਗਾ ਹੈ। ਅਰਥਾਤ ਫ਼ਰਮਾਇਆ ਕਿ ਇਹ ਦੋਸ਼ ਤੁਹਾਡੇ ਭਲੇ ਅਤੇ ਤਰੱਕੀ ਦਾ ਸਾਧਨ ਹੋ ਜਾਵੇਗੀ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਸੂਰਤੁਨ ਨੂਰ ਦੇ ਆਰੰਭ ਤੋਂ ਲੈ ਕੇ ਅੰਤ ਤੱਕ ਕਿਵੇਂ ਇੱਕੋ ਵਿਸ਼ਾ ਬਿਆਨ ਕੀਤਾ ਗਿਆ ਹੈ। ਰੱਬ ਨੇ ਹਜ਼ਰਤ ਆਇਸ਼ਾ ਰਜ਼ੀ ਅੱਲਲਾਹ ਅੰਨਹਾ'ਤੇ ਲੱਗਣ ਵਾਲੇ ਦੋਸ਼ਾਂ ਮਗਰੋਂ ਹੀ ਖ਼ਿਲਾਫ਼ਤ ਦਾ ਜ਼ਿਕਰ ਕੀਤਾ ਅਤੇ ਫ਼ਰਮਾਇਆ ਕਿ ਖ਼ਿਲਾਫ਼ਤ ਬਾਦਸ਼ਾਹਤ ਨਹੀਂ ਹੈ ਉਹ ਤਾ ਰੱਬੀ ਨੂਰ ਨੂੰ ਕਾਯਮ ਰੱਖਣ ਦਾ ਇੱਕ ਸਾਧਨ ਹੈ। ਇਸ ਲਈ ਉਸ ਦੀ ਸਥਪਨਾ ਰੱਬ ਨੇ ਆਪਣੇ ਹੱਥ'ਚ ਰੱਖੀ ਹੈ। ਉਸ ਦਾ ਵਿਅਰਥ ਹੋਣਾ ਤਾਂ ਨਬੁਵੱਤ ਦੇ ਨੂਰ ਅਤੇ ਰੱਬੀ ਨੂਰ ਦਾ ਵਿਅਰਥ ਹੋਣਾ ਹੈ। ਸੋ ਉਹ ਇਸ ਨੂਰ ਨੂੰ ਜ਼ਰੂਰ ਕਾਯਮ ਕਰੇਗਾ ਅਤੇ ਨਬੁਵੱਤ ਦੇ ਬਾਦ ਬਾਦਸ਼ਾਹਤ ਕਦੇ ਵੀ ਕਾਯਮ ਨਹੀਂ ਹੋਣ ਦੇਵੇਗਾ ਅਤੇ ਜਿਸ ਨੂੰ ਪਸੰਦ ਕਰੇਗਾ ਖ਼ਲੀਫ਼ਾ ਬਣਾਏਗਾ। ਸਗੋਂ ਉਹ ਵਚਨ ਕਰਦਾ ਹੈ ਕਿ ਮੁਸਲਮਾਨਾਂ'ਚੋਂ ਇੱਕ ਨਹੀਂ ਸਗੋਂ ਕਈ ਲੋਕਾਂ ਨੂੰ ਖ਼ਿਲਾਫ਼ਤ'ਤੇ ਕਾਯਮ ਕਰਕੇ ਨੂਰ ਦੇ ਜ਼ਮਾਨੇ ਨੂੰ ਲੰਮਾ ਕਰੇਗਾ। ਸੋ ਇਸ ਕਿੱਸੇ ਤੋਂ ਵੀ ਅਤੇ ਫ਼ਿਰ ਬਾਦ''ਚ ਰੱਬ ਦੀ ਅਮਲੀ ਗਵਾਹੀ ਨਾਲ ਵੀ ਸਾਬਤ ਹੋ ਗਿਆ ਕਿ ਨਬੁਵੱਤ ਮਗਰੋਂ ਹੀ ਖ਼ਿਲਾਫ਼ਤ ਦਾ ਜੋ ਸਿਲਸਿਲਾ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੀ ਭਵਿੱਖਬਾਣੀਆਂ ਅਨੁਸਾਰ ਜਾਰੀ ਰਹਿਣਾ ਸੀ ਅਤੇ ਫ਼ਿਰ ਰੱਬ ਦੇ ਵਚਨ ਅਨੁਸਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਉਹ ਨਿਜ਼ਾਮ ਫ਼ਿਰ ਕਾਯਮ ਹੋਇਆ।

ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਨਿਮਰਤਾ ਅਤੇ ਪ੍ਰੋਹਣਾਚਾਰੀ ਬਾਰੇ ਹਜ਼ਰਤ ਸਈਦ ਬਿਨ ਮੁਸੱਯਬ ਬਿਆਨ ਕਰਦੇ ਹਨ ਕਿ ਇੱਕ ਵਾਰ ਨਬੀ ਕਰੀਮ ਸੱਲਲਾਹ ਅਲੈਹਿ ਵਸਲੱਮ ਆਪਣੇ ਕੁੱਝ ਸਾਥੀਆਂ ਨਾਲ ਇੱਕ ਮਜਲਿਸ'ਚ ਮੌਜੂਦ ਸਨ ਕਿ ਇੱਕ ਬੰਦਾ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨਾਲ ਲੜ੍ਹ ਪਿਆ ਅਤੇ ਆਪ ਰਜ਼ੀ ਅੱਲਾਹ ਅੰਨਹੋ ਨੂੰ ਤਿੰਨ ਵਾਰ ਦੁੱਖ ਦਿੱਤਾ। ਪਰ ਆਪ ਰਜ਼ੀ ਅੱਲਾਹ ਅੰਨਹੋ ਚੁੱਪ ਰਹੇ ਅਤੇ ਤੀਜੀ ਵਾਰ ਦੇ ਬਾਦ ਆਪ ਰਜ਼ੀ ਅੱਲਾਹ ਅੰਨਹੋ ਨੇ ਬਦਲਾ ਲਿਆ ਤਾਂ ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਉੱਠ ਖੜ੍ਹੇ ਹੋਏ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਪੁੱਛਣ'ਤੇ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਆਕਾਸ਼ ਤੋਂ ਇੱਕ ਫ਼ਰਿਸ਼ਤਾ ਉਤਰਾ ਜੋ ਇਸ ਗੱਲ੍ਹ ਦਾ ਇੰਨਕਾਰ ਕਰ ਰਿਹਾ ਸੀ ਜੋ ਉਹ ਬੰਦਾ ਤੇਰੇ ਬਾਰੇ ਬਿਆਨ ਕਰ ਰਿਹਾ ਸੀ। ਜਦੋਂ ਤੂੰ ਬਦਲਾ ਲਿਆ ਤਾ ਸ਼ੈਤਾਨ ਆ ਗਿਆ ਅਤੇ ਮੈਂ ਉਸ ਮਜਲਿਸ'ਚ ਨਹੀਂ ਬਹਿ ਸਕਦਾ ਜਿਸ'ਚ ਸ਼ੈਤਾਨ ਪੈ ਗਿਆ ਹੋਵੇ। ਆਪ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹੇ ਅਬੂ ਬਕਰ ! ਤਿੰਨ ਗੱਲ੍ਹਾਂ ਨੇ ਜੋ ਸਾਰਿਆ ਹੀ ਹੱਕ ਹਨ। ਕਿਸੇ ਬੰਦੇ'ਤੇ ਕਿਸੇ ਚੀਜ਼ ਨਾਲ ਜ਼ੁਲਮ ਕੀਤਾ ਜਾਵੇ ਅਤੇ ਉਹ ਰੱਬ ਲਈ ਚੁੱਪ ਰਹੇ ਤਾਂ ਰੱਬ ਉਸ ਨੂੰ ਆਪਣੀ ਮਦਦ ਰਾਹੀਂ ਆਦਰ ਯੋਗ ਬਣਾ ਦਿੰਦਾ ਹੈ। ਫ਼ਿਰ ਉਹ ਬੰਦਾ ਜੋ ਕਿਸੇ ਦਾਨ ਦਾ ਬੂਹਾ ਖ਼ੋਲ੍ਹੇ ਜਿਸ ਰਾਹੀਂ ਉਸ ਦਾ ਉਦੇਸ਼ ਰਿਸ਼ਤੇ ਜੋੜ੍ਹਣ ਦਾ ਹੋਵੇ ਤਾਂ ਰੱਬ ਉਸ ਰਾਹੀਂ ਉਸ ਨੂੰ ਮਾਲ'ਚ ਵਧਾ ਦਿੰਦਾ ਹੈ। ਤੀਜਾ ਉਹ ਬੰਦਾ ਜੋ ਸਵਾਲ ਦਾ ਬੂਹਾ ਖ਼ੋਲ੍ਹੇ ਜਿਸ ਰਾਹੀਂ ਉਸ ਦਾ ਉਦੇਸ਼ ਮਾਲ ਵਧਾਉਣ ਦਾ ਹੋਵੇ ਤਾਂ ਰੱਬ ਉਸ ਨੂੰ ਉਸ ਰਾਹੀਂ ਘਾਟੇ ਅਤੇ ਕਮੀ'ਚ ਵਧਾ ਦਿੰਦਾ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ, ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀਆ ਖ਼ੂਬੀਆ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਆਪ ਰਜ਼ੀ ਅੱਲਾਹ ਅੰਨਹੋ ਰੱਬੀ ਪਛਾਣ ਰੱਖਣ ਵਾਲੇ, ਬਹੁਤ ਨਰਮ ਸੁਭਾ ਅਤੇ ਮਿਹਰਬਾਨ ਸਨ ਅਤੇ ਨਿਮਰਤਾ ਤੇ ਮਸਕੀਨੀ'ਚ ਜੀਵਨ ਬਤੀਤ ਕਰਦੇ ਸਨ ਬਹੁਤ ਹੀ ਮੁਆਫ਼ ਕਰਨ ਵਾਲੇ ਤੇ ਬਖ਼ਸ਼ਣ ਵਾਲੇ ਅਤੇ ਸੰਪੂਰਨ ਰਹਿਮਤ ਸਨ। ਆਪ ਰਜ਼ੀ ਅੱਲਾਹ ਅੰਨਹੋ ਆਪਣੇ ਮਾਥੇ ਦੇ ਨੂਰ ਨਾਲ ਪਛਾਣੇ ਜਾਂਦੇ ਸਨ। ਆਪ ਰਜ਼ੀ ਅੱਲਾਹ ਦੀ ਰੂਹ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੀ ਰੂਹ ਨਾਲ ਜੁੜ੍ਹੀ ਸੀ। ਆਪ ਰਜ਼ੀ ਅੱਲਾਹ ਅੰਨਹੋ ਕੁਰਆਨ ਦੀ ਸਮਝ ਅਤੇ ਆਂਹਜ਼ਰਤ ਸੱਲਲਾਹੋ ਅਲੇਹਿ ਵਸਲੱਮ ਦੇ ਪ੍ਰੇਮ'ਚ ਸਾਰੇ ਲੋਕਾਂ ਤੋਂ ਵੱਧ ਸਨ। ਆਪ ਰਜ਼ੀ ਅੱਲਾਹ ਅੰਨਹੋ ਸੱਚੇ ਰੱਬ ਦੇ ਰੰਗ'ਚ ਰੰਗੀਨ ਸਨ। ਸੱਚਾਈ ਆਪ ਦੀ ਕੁਦਰਤੀ ਖ਼ੂਬੀ ਸੀ ਅਤੇ ਇਸੇ ਸੱਚਾਈ ਦੇ ਨਿਸ਼ਾਨ ਤੇ ਨੂਰ ਆਪ ਰਜ਼ੀ ਅੱਲਾਹ ਅੰਨਹੋ ਦੀ ਰਹਿਣੀ ਬਹਿਣੀ'ਚ ਪ੍ਰਕਟ ਹੋਏ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਗੁਣ ਤੇ ਖ਼ੂਬੀਆਂ ਰੱਬ ਵੱਲੋਂ ਮੇਰੇ'ਤੇ ਪ੍ਰਕਟ ਹੋਏ ਹਨ।

ਆਪ ਰਜ਼ੀ ਅੱਲਾਹ ਅੰਨਹੋ ਰੱਬ'ਤੇ ਵੱਧ ਭਰੋਸਾ ਕਰਦੇ ਸਨ ਅਤੇ ਸਾਧਨਾਂ ਵੱਲ੍ਹ ਘੱਟ ਧਿਆਨ ਦਿੰਦੇ ਸਨ ਅਤੇ ਆਪ ਰਜ਼ੀ ਅੱਲਾਹ ਅੰਨਹੋ ਸੰਸਕਾਰ'ਚ ਸਾਡੇ ਰਸੂਲ ਸੱਲਲਾਹੋ ਅਲੈਹਿ ਵਸਲੱਮ ਦੀ ਪਰਛਾਵੇਂ ਵਾਂਗ ਸਨ ਅਤੇ ਆਪ ਰਜ਼ੀ ਅੱਲਾਹ ਅੰਨਹੋ ਦੀ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨਾਲ ਇੱਕ ਸਮਾਨਤਾ ਸੀ ਅਤੇ ਇਹੀ ਕਾਰਨ ਸੀ ਕਿ ਆਪ ਰਜ਼ੀ ਅੱਲਾਹ ਅੰਨਹੋ ਨੂੰ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਦੇ ਨੂਰ ਨਾਲ ਪਲ੍ਹ ਭਰ'ਚ ਉਹ ਕੁੱਝ ਪ੍ਰਾਪਤ ਹੋ ਗਿਆ ਜੋ ਦੂਜੀਆਂ ਨੂੰ ਲੰਮੇ ਜ਼ਮਾਨੇ'ਚ ਵੀ ਪ੍ਰਾਪਤ ਨ ਹੋ ਸਕਿਆ।

ਹਜ਼ਰਤ ਅਲੀ ਬਿਨ ਅਬੂ ਤਾਲਿਬ ਰਜ਼ੀ ਅੱਲਾਹ ਅੰਨਹੋ ਨੇ ਬਿਆਨ ਕੀਤਾ ਹੈ ਕਿ ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹਰ ਨਬੀ ਨੂੰ ਸੱਤ ਸਾਥੀ ਦਿੱਤੇ ਗਏ ਹਨ ਅਤੇ ਮੈਨੂੰ 14 ਦਿੱਤੇ ਗਏ ਹਨ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਵੀ ਉਨ੍ਹਾਂ'ਚੋਂ ਇੱਕ ਹਨ।

ਆਂਹਜ਼ਰਤ ਸੱਲਲਾਹੋ ਅਲੇਹਿ ਵਸਲੱਮ ਨੂੰ ਜੰਗੇ ਤਬੂਕ ਤੋਂ ਵਾਪਸੀ ਦੇ ਬਾਦ ਇਲਮ ਹੋਇਆ ਕਿ ਮੁਸ਼ਰਕੀਨ ਦੂਜੇ ਲੋਕਾਂ ਨਾਲ ਮਿਲ ਕੇ ਹੱਜ ਕਰਦੇ ਹਨ ਅਤੇ ਸ਼ਿਰਕ ਦੇ ਸ਼ਬਦ ਪੜ੍ਹਦੇ ਹਨ ਅਤੇ ਖ਼ਾਨਾ ਕਾਅਬਾ ਦਾ ਨੰਗੇ ਹੋ ਕੇ ਤਵਾਫ਼ ਕਰਦੇ ਹਨ ਤਾਂ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਉਸ ਸਾਲ ਹੱਜ ਦਾ ਇਰਾਦ ਛੱਡ'ਤਾ। ਆਪ ਸੱਲਲਾਹੋ ਅਲੈਹਿ ਵਸਲੱਮ ਨੇ 9 ਹਿਜਰੀ'ਚ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੂੰ ਹੱਜ ਦਾ ਅਮੀਰ ਬਣਾ ਕੇ ਮੱਕਾ ਭੇਜਿਆ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਤਿੰਨ ਸੋ ਸਾਥੀਆਂ ਨਾਲ ਮੱਕਾ ਗਏ। ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੇ ਕੁਰਬਾਨੀ ਦੇ ਵੀਹ ਜਾਨਵਰ ਵੀ ਆਪ ਰਜ਼ੀ ਅੱਲਾਹ ਅੰਨਹੋ ਨਾਲ ਭੇਜੇ। ਜਿਨ੍ਹਾਂ ਦੇ ਗਲ੍ਹ'ਚ ਆਂਹਜ਼ਰਤ ਸੱਲਲਾਹੋ ਅਲੈਹਿ

ਵਸਲੱਮ ਨੇ ਆਪ ਆਪਣੇ ਹੱਥਾਂ ਨਾਲ ਕੁਰਬਾਨੀ ਦੀ ਨਿਸ਼ਾਨੀ ਵੱਜੋਂ ਗਾਨੀਆਂ ਪਾਇਆਂ ਅਤੇ ਨਿਸ਼ਾਨ ਲਾਏ ਜੱਦ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਆਪ ਆਪਣੇ ਨਾਲ ਪੰਜ ਕੁਰਬਾਨੀ ਦੇ ਜਾਨਵਰ ਲੇ ਕੇ ਗਏ। ਬਿਆਨ ਕੀਤਾ ਜਾਂਦਾ ਹੈ ਕਿ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨੇ ਸੂਰਤੁਤ ਤੌਬਹ ਦੀ ਆਰੰਭਿਕ ਆਇਤਾਂ ਦਾ ਇਸ ਹੱਜ ਦੇ ਮੌਕੇ'ਤੇ ਐਲਾਨ ਕੀਤਾ ਸੀ। ਜਿਸ ਦਾ ਜ਼ਿਕਰ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਦੇ ਜ਼ਿਕਰ'ਚ ਲੰਘ ਚੁੱਕਿਆ ਹੈ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਜ਼ਿਕਰ ਅੱਗੇ ਵੀ ਬਿਆਨ ਹੋਵੇਗਾ।

ਖ਼ੁਤਬੇ ਦੇ ਅੰਤ'ਚ ਹਜ਼ੂਰੇ ਅਨਵਰ ਨੇ ਕੁੱਛ ਮਰਹੂਮੀਨ ਦਾ ਜ਼ਿਕਰ ਕੀਤਾ ਆਤੇ ਨਮਾਜ਼ ਦੇ ਬਾਦ ਉਨ੍ਹਾਂ ਦੇ ਜਨਾਜ਼ਾ ਪੜ੍ਹਾਉਣ ਦਾ ਐਲਾਨ ਕੀਤਾ। ਉਨ੍ਹਾਂ'ਚੋਂ ਇੱਕ ਜਨਾਜ਼ਾ ਹਾਜ਼ਰ ਸ੍ਰੀਮਾਨ ਮੁੰਹਮਦ ਦਾਊਦ ਜ਼ਫ਼ਰ ਸਾਹਿਬ ਮੁਰੱਬੀ ਸਿਲਸਿਲਾ ਦਾ ਸੀ ਜੱਦ ਕਿ ਸ੍ਰੀਮਤੀ ਰੁਕੱਯਾ ਸ਼ਮੀਮ ਬੈਗ਼ਮ ਸਾਹਿਬਾ ਪਤਨੀ ਮੌਲਾਨਾ ਕਰਮ ਇਲਾਹੀ ਜ਼ਫ਼ਰ ਸਾਹਿਬ ਮਰਹੂਮ ਅਤੇ ਸ੍ਰੀਮਤੀ ਤਾਹਿਰਾ ਹਨੀਫ਼ ਸਾਹਿਬਾ ਪਤਨੀ ਮਿਰਜ਼ਾ ਹਨੀਫ਼ ਅਹਮਦ ਸਾਹਿਬ ਦੇ ਜਨਾਜ਼ੇ ਗਾਇਬ ਸਨ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਤੀਜਾ ਜ਼ਿਕਰ ਹੈ ਸ੍ਰੀਮਤੀ ਤਾਹਿਰਾ ਹਨਿਫ਼ ਸਾਹਿਬਾ ਦਾ ਜੋ ਸੱਯਦ ਜ਼ੈਨ-ਉੱਲ-ਆਬਦੀਨ ਵਲੀ ਉੱਲਾਹ ਸ਼ਾਹ ਸਾਹਿਬ ਦੀ ਬੇਟੀ ਸਨ ਅਤੇ ਮਿਰਜ਼ਾ ਹਨੀਫ਼ ਅਹਮਦ ਸਾਹਿਬ ਮਰਹੂਮ ਦੀ ਪਤਨੀ ਸਨ। ਹਜ਼ਰਤ ਖ਼ਲੀਫ਼ਾਤੁਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੋ ਦੀ ਨੂੰਹ ਸਨ ਅਤੇ ਮੇਰੀ ਮਾਮੀ ਵੀ ਸਨ। 1936 ਈ'ਚ ਕਾਦੀਆਂ'ਚ ਪੈਦਾ ਹੋਈ ਸਨ। ਉਨ੍ਹਾਂ ਦੇ ਪਿਤਾ ਸੱਯਦ ਜ਼ੈਨ ਉੱਲ ਆਬਦੀਨ ਵਲੀ ਉੱਲਾਹ ਸ਼ਾਹ ਸਾਹਿਬ ਸਨ। ਜਿਨ੍ਹਾਂ ਨੇ ਬੁਖ਼ਾਰੀ ਦੀ ਵਿਆਖਿਆ ਵੀ ਲਿੱਖੀ ਹੈ। ਉਨ੍ਹਾਂ ਦੀ ਮਾਤਾ ਦਾ ਨਾਂ ਸੱਯਦਹ ਸੱਯਾਰਹ ਸਾਹਿਬਾ ਸੀ। ਜਿਨ੍ਹਾਂ ਦਾ ਸੰਬੰਧ ਦਮਿਸ਼ਕ ਤੋਂ ਸੀ। ਉਨ੍ਹਾਂ ਦੇ ਦਾਦਾ ਹਜ਼ਰਤ ਡਾਕਟਰ ਸੱਯਦ ਅਬਦੁਸੱਤਾਰ ਸ਼ਾਹ ਸਾਹਿਬ ਰਜ਼ੀ ਅੱਲਾਹ ਅੰਨਹੋ ਰਾਹੀਂ ਉਨ੍ਹਾਂ ਦੇ ਪਰਿਵਾਰ'ਚ ਅਹਮਦੀਅਤ ਆਈ। ਜੋ ਹਜ਼ਰਤ ਖ਼ਲੀਫ਼ਤੁੱਲ ਮਸੀਹ ਅੱਰਰਾਬੇ ਰਹਿਮਾਹੁੱਲਾਹ ਦੇ ਨਾਨਾ ਸਨ। ਰੱਬ ਨੇ ਆਪ ਨੂੰ ਤਿੰਨ ਕੁੜੀਆਂ ਅਤੇ ਇੱਕ ਮੁੰਡਾ ਦਿੱਤਾ। ਖ਼ਿਲਾਫ਼ਤ ਨਾਲ ਬਹੁਤ ਵਫ਼ਾ ਦਾ ਸੰਬੰਧ ਸੀ। ਮੈਨੂੰ ਵੀ ਉਹ ਖ਼ੱਤ ਲਿੱਖਦੀਆਂ ਸਨ। ਸਗੋਂ ਹਰ ਖੱਤ ਦੇ ਬਾਦ ਉਨ੍ਹਾਂ ਦੇ ਖੱਤ ਆਉਂਦੇ ਸਨ ਅਤੇ ਉਸ ਤੇ ਵੱਖੋ ਵੱਖ ਢੰਗ ਦੇ ਵਿਚਾਰ ਵਟਾਂਦਰੇ ਹੁੰਦੇ ਸਨ। ਗਰੀਬਾਂ ਦੀ ਬਹੁਤ ਮਦਦ ਕਰਦੀ ਸੀ। ਰੱਬ ਉਨ੍ਹਾਂ ਨਾਲ ਬਖ਼ਸ਼ਸ਼ ਤੇ ਰਹਿਮ ਦਾ ਸਲੂਕ ਕਰੇ। ਬਜ਼ੁਰਗਾਂ ਦੇ ਕਦਮਾਂ'ਚ ਥਾਂ ਬਖ਼ਸ਼ੇ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵੀ ਉਨ੍ਹਾਂ ਦੀਆਂ ਨੇਕੀਆਂ ਜਾਰੀ ਰੱਖਣ ਦੀ ਤੌਫ਼ੀਕ ਬਖ਼ਸ਼ੇ। ਆਮੀਨ

اَلْحَمْدُ لِلّٰہِ ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ.